## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ;ਸਿੱ) ਪੰਜਾਬ.ਐਸ.ਏ.ਐਸ ਨਗਰ।

### ਬਜਟ ਸ਼ਾਖਾ

ਵੱਲ

1. ਸਮੂਹ ਸਕੂਲ ਮੁਖੀ,
   ਸੈਕੰਡਰੀ/ਹਾਈ ਸਕੂਲ, ਪੰਜਾਬ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,
   ਪੰਜਾਬ।

ਮੀਮੋ ਨੰ: 12/2-2017 ਬਜਟ (5)
ਮਿਤੀ ਐਸ.ਏ.ਐਸ ਨਗਰ

ਵਿਸ਼ਾ ; ਪੈਨਸ਼ਨ ਕੇਸਾਂ /ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਡਾਟਾ ਪੋਰਟਲ ਤੇ ਅਪਲੋਡ ਕਰਨ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: 12/2-2017 ਬ(5)/201869901 ਮਿਤੀ 14-11-2018, ਪੱਤਰ ਨੰ: 12/2-2017 ਬ(5)/201920632 ਮਿਤੀ 17-01-2019 ਅਤੇ ਪੱਤਰ ਨੰ: 12/2-2017 ਬ(5)/201932997 ਮਿਤੀ 28-01-2019 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਹਵਾਲਾ ਅਧੀਨ ਪੱਤਰ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਸਿੱਖਿਆ ਵਿਭਾਗ ਵਲੋਂ ਪੈਨਸਨ ਕੇਸਾਂ ਦੀ ਮੋਨੀਟਰਿੰਗ ਲਈ ਈ-ਪੰਜਾਬ ਸਕੂਲ ਪੋਰਟਲ ਉੱਤੇ ਇਕ ਆਨਲਾਈਨ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਈ-ਪੰਜਾਬ ਸਕੂਲ ਪੋਰਟਲ ਅਧੀਨ ਦਿੱਤੇ ਨਵੇਂ ਲਿੰਕ "Pension Cases" ਦੀ ਮਦਦ ਨਾਲ ਜਾਣਕਾਰੀ ਭਰੀ ਜਾ ਸਕਦੀ ਹੈ। ਇਸ ਸਾਫਟਵੇਅਰ ਵਿਚ ਸਮੂਹ ਸਕੂਲ ਅਤੇ ਸਿੱਖਿਆ ਵਿਭਾਗ ਦੇ ਬਾਕੀ ਦਫਤਰ ਪੈਨਸਨ ਦੇ ਕੇਸਾਂ ਸਬੰਧੀ ਜਾਣਕਾਰੀ ਹਰ ਮਹੀਨੇ ਦੀ 10 ਤਾਰੀਖ ਤੱਕ ਅਪਡੇਟ ਕਰਨਾ ਯਕੀਨੀ ਬਣਾਉਣਗੇ।

ਇਸ ਸਬੰਧੀ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੁਕੰਮਲ ਡਾਟਾ ਮਿਤੀ 31-03-2019 ਤੱਕ ਅਪਲੋਡ/ਅਪਡੇਟ ਕੀਤਾ ਜਾਵੇ। ਜੇਕਰ ਇਹ ਸੂਚਨਾ ਸਮੇਂ ਸਿਰ ਅਪਲੋਡ/ਅਪਡੇਟ ਨਾ ਕੀਤੀ ਗਈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਡੀ.ਡੀ.ਓ. ਦੀ ਨਿੱਜੀ ਹੋਵੇਗੀ।

ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ)

ਪਿੱ.ਅੰ. ਨੰ: ਉਕਤ 201987373 to 76 ਮਿਤੀ: ਐਸ.ਏ.ਐਸ. ਨਗਰ: 11/03/19

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡਾਇਰੈਕਟਰ, ਸਿੱਖਿਆ ਵਿਭਾਗ (ਐਸਿ), ਪੰਜਾਬ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ/ਦਫਤਰਾਂ ਦਾ ਡਾਟਾ ਅਪਲੋਡ ਕਰਵਾਉਣਾ ਯਕੀਨੀ ਬਣਾਇਆ ਜਾਵੇ।
2. ਰਜਿਸਟਰਾਰ, ਸਿੱਖਿਆ ਵਿਭਾਗ ਨੂੰ ਭੇਜਕੇ ਕੇ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਦਾ ਡਾਟਾ ਅਪਲੋਡ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ)